Bundesamt für
Fremdenwesen
und Asyl

# ਡਾਟਾ ਪ੍ਰੋਸੈਸਿੰਗ ਤੇ ਜਾਣਕਾਰੀ

## ਕੇਂਦਰੀ ਕਾਰਵਾਈਆਂ ਦੀ ਫਾਈਲ

## ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ (DSGVO) ਦੀ ਧਾਰਾ 13 ਅਤੇ 14 ਦੇ ਅਨੁਸਾਰ

### ਕੰਟ੍ਰੋਲਰ ਦਾ ਨਾਮ ਅਤੇ ਸੰਪਰਕ ਵੇਰਵੇ:

Bundesamt für Fremdenwesen und Asyl (ਇਮੀਗ੍ਰੇਸ਼ਨ ਅਤੇ ਪਨਾਹ ਦਾ ਸੰਘੀ ਦਫ਼ਤਰ)
Modecenterstraße 22, 1030 Wien
ਫੋਨ: +43- 59 133 98 7004
ਫੈਕਸ: +43- 59 133 98 7399
ਈਮੇਲ: BFA-Einlaufstelle@bmi.gv.at

### ਡਾਟਾ ਸੁਰੱਖਿਆ ਅਫ਼ਸਰ ਦੇ ਸੰਪਰਕ ਵੇਰਵੇ:

ਫੋਨ: +43- 59 133 98 - 0
ਈਮੇਲ: BFA-Datenschutzbeauftragter@bmi.gv.at

### ਪ੍ਰੋਸੈਸਿੰਗ ਦੇ ਉਦੇਸ਼ ਜਿਨ੍ਹਾਂ ਲਈ ਵਿਅਕਤੀਗਤ ਡਾਟਾ ਹੈ:

ਇਮੀਗ੍ਰੇਸ਼ਨ ਅਤੇ ਪਨਾਹ ਦੇ ਸੰਘੀ ਦਫਤਰ ਦੁਆਰਾ ਤੈਅ ਕੀਤੀਆਂ ਗਈਆਂ ਕਾਰਵਾਈਆਂ (ਕਾਰਵਾਈਆਂ ਦਾ ਡਾਟਾ) ਦੀ ਸਥਿਤੀ ਨਾਲ ਸੰਬੰਧਿਤ, ਵਿਸ਼ੇਸ਼ ਤੌਰ 'ਤੇ ਐਪਲੀਕੇਸ਼ਨਾਂ, ਫੈਸਲਿਆਂ, ਕਾਨੂੰਨੀ ਉਪਾਅ, ਡਿਪੋਰਟੇਸ਼ਨ ਅਤੇ ਸਵੈ-ਇੱਛਤ ਵਾਪਸੀ ਨਾਲ ਸੰਬੰਧਿਤ ਜਾਣਕਾਰੀ ਦੀ ਪ੍ਰੋਸੈਸਿੰਗ।

### ਪ੍ਰੋਸੈਸਿੰਗ ਲਈ ਕਾਨੂੰਨੀ ਆਧਾਰ:

ਅਸਧਾਰਨ ਹਾਲਾਤਾਂ, ਡਿਪੋਰਟੇਸ਼ਨ, ਹਟਾਉਣ ਦੀ ਦੇਰੀ, ਅਤੇ ਨਾਲ ਹੀ ਰਿਹਾਇਸ਼ ਅਤੇ ਏਲਿਅਨਜ਼ ਦੇ ਲਈ ਆਸਟ੍ਰੀਅਨ ਦਸਤਾਵੇਜ਼ਾਂ ਨੂੰ ਜਾਰੀ ਕਰਨ ਨੂੰ ਖਤਮ ਕਰਦੀਆਂ ਕਾਰਵਾਈਆਂ ਦੇ ਆਦੇਸ਼ ਦੇ ਕਾਰਨ ਅੰਤਰਰਾਸ਼ਟਰੀ ਸੁਰੱਖਿਆ, ਰਿਹਾਇਸ਼ ਪਰਮਿਟ ਲਈ ਯੋਗਤਾ ਦਿੱਤੇ ਜਾਣ ਲਈ ਇਮੀਗ੍ਰੇਸ਼ਨ ਅਤੇ ਪਨਾਹ ਦੇ ਸੰਘੀ ਦਫਤਰ ਦੇ ਸਾਹਮਣੇ ਕਾਰਵਾਈਆਂ ਦੇ ਨਾਲ ਸੰਬੰਧਿਤ ਆਮ ਸ਼ਰਤਾਂ ਨੂੰ ਨਿਯਮਤ ਕਰਦੇ ਸੰਘੀ ਕਾਨੂੰਨ ਦੀ ਧਾਰਾ 28, 29, 33 ਅਤੇ 58 (BFA ਕਾਰਵਾਈ ਕਾਨੂੰਨ, BFA-VG)

### ਸਮਾਂ ਜਿਸ ਲਈ ਵਿਅਕਤੀਗਤ ਡਾਟਾ ਸਟੋਰ ਕੀਤਾ ਜਾਵੇਗਾ:

BFA ਕਾਰਵਾਈ ਕਾਨੂੰਨ ਦੇ ਅਨੁਸਾਰ ਪ੍ਰਾਪਤ ਕੀਤੇ ਗਏ ਡਾਟੇ ਨੂੰ ਨਵੀਨਤਮ ਤੌਰ ਤੇ ਹਟਾਇਆ ਜਾਣਾ ਚਾਹੀਦਾ ਹੈ
1. ਜਦੋਂ ਵਿਅਕਤੀ ਨੂੰ ਆਸਟ੍ਰੀਆ ਦੀ ਨਾਗਰਿਕਤਾ ਪ੍ਰਦਾਨ ਕੀਤੀ ਗਈ ਹੈ, ਤਾਂ ਜਦੋਂ ਉਹਨਾਂ ਲਈ ਏਲੀਅਨ ਦੇ ਤੌਰ ਤੇ ਜਾਰੀ ਕੀਤੇ ਦਸਤਾਵੇਜ਼ ਨੂੰ ਪ੍ਰਾਪਤ ਕਰਨ ਲਈ ਡਾਟਾ ਹੁਣ ਨਹੀਂ ਚਾਹੀਦਾ ਹੈ;
2. ਜਦੋਂ ਇਮੀਗ੍ਰੇਸ਼ਨ ਅਤੇ ਪਨਾਹ ਦੇ ਸੰਘੀ ਦਫ਼ਤਰ ਜਾਂ ਫੈਡਰਲ ਪ੍ਰਸ਼ਾਸਨਿਕ ਅਦਾਲਤ ਨੂੰ ਵਿਅਕਤੀ ਦੀ ਮੌਤ ਬਾਰੇ ਦੱਸਿਆ ਗਿਆ ਹੈ ਅਤੇ ਇਸ ਨੂੰ ਹੋਏ ਪੰਜ ਸਾਲ ਬੀਤ ਗਏ ਹਨ, ਜਾਂ;
3. ਇਮੀਗ੍ਰੇਸ਼ਨ ਅਤੇ ਪਨਾਹ ਦੇ ਸੰਘੀ ਦਫ਼ਤਰ ਜਾਂ ਫੈਡਰਲ ਪ੍ਰਸ਼ਾਸਨਿਕ ਅਦਾਲਤ ਦੇ ਸਾਹਮਣੇ ਕਾਰਵਾਈ ਕਰਨ ਦੇ ਅੰਤਮ ਫ਼ੈਸਲਾ ਤੋਂ ਦਸ ਸਾਲ ਬਾਅਦ, ਜਾਂ ਅਰਜ਼ੀ ਵਾਪਸ ਲੈਣ ਤੋਂ ਬਾਅਦ, ਅਰਜ਼ੀ ਨਾਲ ਸੰਬੰਧਿਤ ਕਾਰਵਾਈਆਂ ਨੂੰ ਬੰਦ ਕਰਨ ਤੇ, ਜਾਂ ਜਦੋਂ ਅਰਜ਼ੀ ਵਿਅਕਤੀ-ਜਾਣਕਾਰੀ ਤੋਂ ਵਾਂਝੀ ਰਹਿ ਗਈ ਹੈ। ਇਹ ਉਦੋਂ ਲਾਗੂ ਨਹੀਂ ਹੁੰਦਾ ਜਦੋਂ ਪ੍ਰਵੇਸ਼ ਜਾਂ ਨਿਵਾਸ 'ਤੇ ਪੱਕੀ

ਪਾਬੰਦੀ ਵਿਅਕਤੀ 'ਤੇ ਲਾਗੂ ਹੁੰਦੀ ਹੈ। ਜੇ ਰਿਹਾਇਸ਼ ਨੂੰ ਖਤਮ ਕਰਦੀ ਅਸਥਾਈ ਕਾਰਵਾਈ ਦੀ ਵੈਧਤਾ ਪਹਿਲੀ ਸ਼ਰਤ ਵਿੱਚ ਦਿੱਤੇ ਬਿੰਦੂ ਤੋਂ ਬਾਅਦ ਖਤਮ ਹੋ ਜਾਂਦੀ ਹੈ, ਤਾਂ ਅਜਿਹੀ ਵੈਧਤਾ ਖਤਮ ਹੋਣ ਦੇ ਨਾਲ ਡਾਟਾ ਮਿਟਾਇਆ ਜਾਣਾ ਚਾਹੀਦਾ ਹੈ।

**ਵਿਅਕਤੀਗਤ ਡਾਟਾ ਪ੍ਰਾਪਤ ਕਰਨ ਵਾਲਿਆਂ ਦੀਆਂ ਸ਼੍ਰੇਣੀਆਂ:**

ਸੁਰੱਖਿਆ ਏਜੰਸੀਆਂ; ਮੁਕੱਦਮਾ ਚਲਾਉਣ ਵਾਲੇ ਅਧਿਕਾਰੀ; ਸਿਵਲ ਅਤੇ ਫੌਜਦਾਰੀ ਅਦਾਲਤਾਂ ਦੇ ਨਾਲ-ਨਾਲ ਜੇਲ੍ਹਾਂ; ਸੰਘੀ ਪ੍ਰਾਂਤਾਂ ਦੀਆਂ ਪ੍ਰਸ਼ਾਸਨਿਕ ਅਦਾਲਤਾਂ; ਆਸਟ੍ਰੀਆ ਵਿੱਚ ਰਫਿਊਜੀਆਂ ਲਈ UN ਹਾਈ ਕਮੀਸ਼ਨਰ ਦਾ ਦਫਤਰ; ਰਾਜ ਨਿਰਧਾਰਤ ਕਰਨ ਲਈ ਸਮਝੌਤੇ ਧਿਰਾਂ ਲਈ ਠੇਕੇਦਾਰ ਧਿਰਾਂ ਕ੍ਰਮਵਾਰ ਰਾਜ ਦੇ ਰਾਜ ਅਧਿਕਾਰੀਆਂ, ਜਿਨ੍ਹਾਂ ਨੇ ਡਬਲਿਨ ਨਿਯਮਾਂ ਨੂੰ ਲਾਗੂ ਕਰਨਾ ਹੈ ਜੋ ਕਿ ਕਿਸੇ ਪਨਾਹ ਦੀ ਅਰਜ਼ੀ ਜਾਂ ਕੌਮਾਂਤਰੀ ਸੁਰੱਖਿਆ ਲਈ ਅਰਜ਼ੀ ਦੀ ਜਾਂਚ ਕਰਨ ਦੇ ਯੋਗ ਹੈ/ਹਨ; ਸ਼ਰਨਾਰਥੀਆਂ 'ਤੇ ਜਿਨੀਵਾ ਕਨਵੈਨਸ਼ਨ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਵਿਦੇਸ਼ੀ ਅਧਿਕਾਰੀਆਂ, ਜਦੋਂ ਅਜਿਹੀਆਂ ਅਥਾਰਟੀਆਂ ਨੂੰ ਤਬਾਦਲੇ ਤੋਂ ਬਿਨ੍ਹਾਂ ਪਨਾਹ ਅਤੇ ਪਛਾਣ ਪਤਾ ਕਰਨਾ ਸੰਭਵ ਨਹੀਂ ਹੈ ਅਤੇ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਅਜਿਹਾ ਡਾਟਾ ਉਸ ਦੇਸ਼ ਦੇ ਅਧਿਕਾਰੀਆਂ ਨੂੰ ਪਹੁੰਚਯੋਗ ਨਹੀਂ ਕੀਤਾ ਜਾਵੇਗਾ, ਜਿੱਥੇ ਪਨਾਹ ਮੰਗਣ ਵਾਲੇ ਜਾਂ ਰਫਿਊਜੀ ਜ਼ੁਲਮ ਤੋਂ ਡਰ ਦਾ ਦਾਅਵਾ ਕਰਦਾ ਹੈ; ਆਸਟ੍ਰੀਆ ਦੇ ਪ੍ਰਤਿਨਿਧੀ ਅਧਿਕਾਰੀਆਂ; ਅਸਥਾਈ ਅਤੇ ਸਥਾਈ ਏਲੀਅਨਜ਼ ਰਿਹਾਇਸ਼ ਕਾਨੂੰਨ ਵਿੱਚ ਦਰਸਾਏ ਗਏ ਅਧਿਕਾਰੀਆਂ; ਨਾਗਰਿਕਤਾ ਅਧਿਕਾਰੀਆਂ; ਸਿਵਲ ਰਜਿਸਟਰੀ ਵਿਭਾਗਾਂ; ਵਿਦੇਸ਼ੀ ਮਜ਼ਦੂਰ ਕਾਨੂੰਨ ਦੇ ਲਾਗੂ ਹੋਣ ਨਾਲ ਨਿਯੁਕਤ ਅਧਿਕਾਰੀਆਂ; ਵਿੱਤੀ ਅਪਰਾਧ ਅਧਿਕਾਰੀਆਂ; ਨੌਜਵਾਨ ਭਲਾਈ ਅਧਿਕਾਰੀਆਂ; ਕਾਨੂੰਨੀ ਸਲਾਹਕਾਰ (BFA ਕਾਰਵਾਈਆਂ ਕਾਨੂੰਨ ਦੀਆਂ ਧਾਰਾਵਾਂ 49 ਤੋਂ 52); ਵਾਪਸੀ ਸਲਾਹਕਾਰਾਂ; ਟੈਕਸ ਅਧਿਕਾਰੀਆਂ, BFA ਕਾਰਵਾਈਆਂ ਕਾਨੂੰਨ ਦੀ ਧਾਰਾ 12a ਦੇ ਅਨੁਸਾਰ ਅਨੁਵਾਦ ਸੇਵਾਵਾਂ ਦੇਣ ਲਈ ਅਨੁਵਾਦਕਾਂ; ਇੰਟੀਰੀਅਰ ਦੇ ਸੰਘੀ ਮੰਤਰੀ; ਮੁੱਢਲੀ ਦੇਖਭਾਲ ਅਤੇ ਸੇਵਾਵਾਂ ਸਮਝੌਤੇ ਨੂੰ ਪੂਰਾ ਕਰਨ ਨਾਲ ਸੰਬੰਧਿਤ ਕੰਮ ਕਰਦੀਆਂ ਫੈਡਰਲ ਅਤੇ ਪ੍ਰੋਵਿੰਸ਼ੀਅਲ ਬਾਡੀਆਂ; ਪਬਲਿਕ ਐਂਪਲੌਇਮੈਂਟ ਸਰਵਿਸ ਆਸਟ੍ਰੀਆ (AMS) ਅਤੇ ਸਥਾਨਕ ਪ੍ਰਸ਼ਾਸਨ ਜੋ ਦੇਖਭਾਲ ਪ੍ਰਬੰਧਨ ਅਤੇ ਏਕੀਕਰਣ ਸਹਾਇਤਾ ਨਾਲ ਨਿਯੁਕਤ ਕੀਤੇ ਗਏ ਹਨ; ਖੇਤਰੀ ਸਿਹਤ ਸੰਸਥਾਵਾਂ ਅਤੇ ਆਸਟ੍ਰੀਅਨ ਸਮਾਜਿਕ ਬੀਮਾ ਸੰਸਥਾਵਾਂ ਦੀ ਫੈਡਰੇਸ਼ਨ; ਯੂਰਪ ਦੇ ਸੰਘੀ ਮੰਤਰਾਲੇ, ਏਕੀਕਰਣ ਅਤੇ ਵਿਦੇਸ਼ੀ ਮਾਮਲੇ; ਆਸਟ੍ਰੀਅਨ ਏਕੀਕਰਣ ਫੰਡ; ਸਮਾਜਕ ਜਾਂ ਹੋਰ ਟ੍ਰਾਂਸਫਰ ਲਾਭ ਦੇਣ ਲਈ ਸਮਰੱਥ ਦਫਤਰਾਂ; ਰਿਹਾਇਸ਼ ਰਜਿਸਟਰੇਸ਼ਨ ਅਧਿਕਾਰੀਆਂ; ਓਮਬਡਸਮੈਨ ਬੋਰਡ (Volksanwaltschaft); ਅੰਕੜੇ ਆਸਟ੍ਰੀਆ; ਮੂਲ ਦੇਸ਼ ਦੇ ਅਧਿਕਾਰੀਆਂ; ਇੰਟੀਰੀਅਰ ਦੇ ਫੈਡਰਲ ਮੰਤਰੀ ਰਾਹੀਂ EU ਮੈਂਬਰ ਰਾਜਾਂ ਵਿੱਚ ਹੋਰ ਰਿਹਾਇਸ਼ੀ ਅਧਿਕਾਰੀਆਂ ਦੇ ਸੰਪਰਕ ਦੇ ਰਾਸ਼ਟਰੀ ਬਿੰਦੂਆਂ; ਸੰਘੀ ਪ੍ਰਸ਼ਾਸਨਿਕ ਅਦਾਲਤ; ਸੁਰੱਖਿਆ ਜਾਂ ਅਪਰਾਧਿਕ ਪੁਲਿਸ, ਪਾਸਪੋਰਟ ਪ੍ਰਣਾਲੀ, ਏਲੀਅਨਜ਼ ਪੁਲਿਸ ਅਤੇ ਬਾਰਡਰ ਕੰਟਰੋਲ ਦੇ ਉਦੇਸ਼ਾਂ ਲਈ ਹੋਰ EU ਮੈਂਬਰ ਰਾਜਾਂ ਵਿੱਚ ਸੁਰੱਖਿਆ ਏਜੰਸੀਆਂ; ਸੁਰੱਖਿਆ ਜਾਂ ਅਪਰਾਧਕ ਪੁਲਿਸ, ਪਾਸਪੋਰਟ ਪ੍ਰਣਾਲੀ, ਏਲੀਅਨਜ਼ ਪੁਲਿਸ ਅਤੇ ਬਾਰਡਰ ਕੰਟਰੋਲ ਦੇ ਉਦੇਸ਼ਾਂ ਲਈ ਯੂਰੋਪੀਅਨ ਯੂਨੀਅਨ ਏਜੰਸੀ ਆਫ ਲਾਅ ਇਨਫੋਰਸਮੈਂਟ ਕੋਪਰੇਸ਼ਨ (Europol); ਸੁਰੱਖਿਆ ਜਾਂ ਅਪਰਾਧਕ ਪੁਲਿਸ ਅਤੇ ਪਾਸਪੋਰਟ ਪ੍ਰਣਾਲੀ, ਏਲੀਅਨਜ਼ ਪੁਲਿਸ ਅਤੇ ਬਾਰਡਰ ਕੰਟਰੋਲ ਦੇ ਉਦੇਸ਼ਾਂ ਲਈ ਤੀਜੇ ਦੇਸ਼ਾਂ ਦੀਆਂ ਸੁਰੱਖਿਆ ਏਜੰਸੀਆਂ (ਡਾਟਾ ਸੁਰੱਖਿਆ ਕਾਨੂੰਨ ਦੀ ਧਾਰਾ 58 ਅਤੇ 59 ਵਿੱਚ ਨਿਰਧਾਰਤ ਕੀਤੀਆਂ ਜ਼ਰੂਰਤਾਂ ਦੇ ਅਧੀਨ) ਜਿਵੇਂ ਕਿ DSGVO ਦੇ ਅਧਿਆਇ 5 ਦੇ ਨਿਯਮਾਂ ਵਿੱਚ ਦੱਸਿਆ ਗਿਆ ਹੈ; ਇੰਟਰਪੋਲ - ਸੁਰੱਖਿਆ ਜਾਂ ਅਪਰਾਧਕ ਪੁਲਿਸ ਅਤੇ ਪਾਸਪੋਰਟ ਪ੍ਰਣਾਲੀ, ਏਲੀਅਨਜ਼ ਪੁਲਿਸ ਅਤੇ ਬਾਰਡਰ ਕੰਟਰੋਲ ਦੇ ਉਦੇਸ਼ਾਂ ਲਈ ਅੰਤਰਰਾਸ਼ਟਰੀ ਅਪਰਾਧਿਕ ਪੁਲਿਸ ਸੰਗਠਨ ਦੇ ਜਨਰਲ ਸਕੱਤਰੇਤ (ਡਾਟਾ ਸੁਰੱਖਿਆ ਕਾਨੂੰਨ ਦੀ ਧਾਰਾ 58 ਅਤੇ 59 ਵਿੱਚ ਨਿਰਧਾਰਤ ਕੀਤੀਆਂ ਜ਼ਰੂਰਤਾਂ ਦੇ ਅਧੀਨ), ਜਿਵੇਂ ਕਿ DSGVO ਦੇ ਅਧਿਆਇ V ਵਿੱਚ ਦੱਸਿਆ ਗਿਆ ਹੈ; ਈ-ਗਵਰਨਮੈਂਟ ਐਕਟ ਵਿੱਚ ਨਿਰਧਾਰਿਤ ਕੀਤੀਆਂ ਯੋਗਤਾਵਾਂ ਦੇ ਅੰਦਰ ਸੋਰਸ PIN ਰਜਿਸਟਰ ਅਥਾਰਟੀ।
ਪ੍ਰੋਸੈਸਰ: ਇੰਟੀਰੀਅਰ ਦੇ ਸੰਘੀ ਮੰਤਰੀ; IBM Österreich - Internationale Büromaschinen Gesellschaft m.b.H.; Microsoft Österreich GmbH; Bundesrechenzentrum GmbH; Atos IT Solutions and Services GmbH

**ਡਾਟੇ ਵਾਲੇ ਵਿਅਕਤੀ ਦੇ ਅਧਿਕਾਰ**:

ਆਸਟ੍ਰੀਅਨ ਡਾਟਾ ਸੁਰੱਖਿਆ ਅਥਾਰਟੀ (1080 Wien, Wickenburggasse 8, ਫੋਨ +43 1 52 152-0, ਈਮੇਲ dsb@dsb.gv.at) ਕੋਲ ਸ਼ਿਕਾਇਤ ਦਰਜ ਕਰਨ ਦਾ ਅਧਿਕਾਰ ਡਾਟਾ ਸੁਰੱਖਿਆ ਐਕਟ (DSG) ਦੀ ਧਾਰਾ 24, ਪੈਰਾ 1 ਦੇ ਅਨੁਸਾਰ ਲਾਗੂ ਹੁੰਦਾ ਹੈ।

ਪਹੁੰਚ ਦਾ ਅਧਿਕਾਰ DSGVO ਦੀ ਧਾਰਾ 15 ਵਿੱਚ ਦਿੱਤਾ ਗਿਆ ਹੈ।

ਸੋਧ ਦਾ ਅਧਿਕਾਰ DSGVO ਦੀ ਧਾਰਾ 16 ਵਿੱਚ ਦਿੱਤਾ ਗਿਆ ਹੈ।

ਮਿਟਾਉਣ ਦਾ ਅਧਿਕਾਰ ('ਭੁੱਲ ਜਾਣ ਦਾ ਅਧਿਕਾਰ') DSGVO ਦੀ ਧਾਰਾ 17 ਵਿੱਚ ਦਿੱਤਾ ਗਿਆ ਹੈ।

ਡਾਟਾ ਪ੍ਰੋਸੈਸਿੰਗ ਦੇ ਪਾਬੰਦੀ ਦਾ ਅਧਿਕਾਰ DSGVO ਦੀ ਧਾਰਾ 18 ਵਿੱਚ ਦਿੱਤਾ ਗਿਆ ਹੈ।

ਇਤਰਾਜ਼ ਦਾ ਕੋਈ ਅਧਿਕਾਰ ਲਾਗੂ ਨਹੀਂ ਹੈ।